**News Release/ Communiqué**

ਪ੍ਰੀਮੀਅਰ ਦਾ ਦਫ਼ਤਰ Cabinet du Premier ministre

ਤੁਰੰਤ ਜਾਰੀ ਕੀਤੇ ਜਾਣ ਲਈ
15 ਜੂਨ 2007

# ਆਵਾਜਾਈ ਦੇ ਤੇਜ਼-ਰਫ਼ਤਾਰ ਸਾਧਨਾਂ ਬਾਰੇ ਮੈਗਿੰਟੀ ਸਰਕਾਰ ਦੀ ਕਾਰਜ ਯੋਜਨਾ ਅਰਥਚਾਰੇ ਨੂੰ ਅੱਗੇ ਤੋਰੇਗੀ

*ਮੂਵਓਨਟੇਰੀਓ 2020 ਇੱਕ 12-ਸਾਲਾ ਉਸਾਰੀ ਯੋਜਨਾ ਹੈ ਜੋ ਜੀ.ਟੀ.ਏ. ਅਤੇ ਹੈਮਿਲਟਨ ਵਿੱਚ ਤੇਜ਼-ਰਫ਼ਤਾਰ ਆਵਾਜਾਈ ਦੀਆਂ 52 ਪਹਿਲਕਦਮੀਆਂ ਲਾਗੂ ਕਰੇਗੀ*

ਮਿਸੀਸਾਗਾ — ਓਨਟੇਰੀਓ ਸਰਕਾਰ ਗਰੇਟਰ ਟੋਰੰਟੋ ਏਰੀਆ ਅਤੇ ਹੈਮਿਲਟਨ ਲਈ ਤੇਜ਼-ਰਫ਼ਤਾਰ ਆਵਾਜਾਈ ਦੀ ਇੱਕ ਬਹੁ-ਸਾਲੀ 17.5 ਬਿਲੀਅਨ ਡਾਲਰ ਦੀ ਯੋਜਨਾ ਲਾਗੂ ਕਰ ਰਹੀ ਹੈ ਜਿਹੜੀ ਭੀੜ-ਭੜੱਕਾ ਘਟਾਉਣ ਰਾਹੀਂ ਰੋਜ਼ਗਾਰ ਅਤੇ ਨਿਵੇਸ਼ ਲਿਆਵੇਗੀ, ਪ੍ਰੀਮੀਅਰ ਡਾਲਟਨ ਮੈਗਿੰਟੀ ਨੇ ਅੱਜ ਐਲਾਨ ਕੀਤਾ।

"ਇੱਕ ਮਜ਼ਬੂਤ ਅਤੇ ਖੁਸ਼ਹਾਲ ਅਰਥਚਾਰਾ ਉਸਾਰਨ ਲਈ ਭੀੜ-ਭੜੱਕੇ ਨਾਲ ਸਿੱਝਣਾ ਸਾਡੇ ਵੱਲੋਂ ਚੁੱਕੇ ਜਾਣ ਵਾਲੇ ਪਹਿਲੇ ਕਦਮਾਂ ਵਿੱਚੋਂ ਇੱਕ ਹੋ ਸਕਦਾ ਹੈ," ਮੈਗਿੰਟੀ ਨੇ ਕਿਹਾ। "ਫਟਾਫਟ ਅਤੇ ਕਾਰਗਰ ਤਰੀਕੇ ਨਾਲ ਲੋਕਾਂ ਅਤੇ ਸਾਮਾਨ ਨੂੰ ਢੋ ਦੇਣ ਵਾਲੀ ਆਵਾਜਾਈ ਦੀ ਇੱਕ ਤੇਜ਼-ਰਫ਼ਤਾਰ ਆਧੁਨਿਕ ਪ੍ਰਣਾਲੀ ਉਸਾਰਨ ਨਾਲ ਅਸੀਂ ਇਹ ਗੱਲ ਪੱਕੀ ਕਰ ਸਕਾਂਗੇ ਕਿ ਅਸੀਂ ਚੰਗੀ ਤਨਖ਼ਾਹ ਦੇਣ ਵਾਲੇ ਹਜ਼ਾਰਾਂ ਹੀ ਰੋਜ਼ਗਾਰ ਖਿੱਚ ਸਕੀਏ ਅਤੇ ਕਾਇਮ ਰੱਖ ਸਕੀਏ।"

ਮੂਵਓਨਟੇਰੀਓ 2020 ਸੰਨ 2008 ਤੋਂ ਸ਼ੁਰੂ ਕਰ ਕੇ ਤੇਜ਼-ਰਫ਼ਤਾਰ ਆਵਾਜਾਈ ਦੇ 902 ਕਿਲੋਮੀਟਰ ਦੇ ਨਵੇਂ ਜਾਂ ਸੁਧਰੇ ਹੋਏ ਮਾਰਗ ਉਸਾਰੇਗਾ।

ਇਸ ਨਾਲ ਉਸਾਰੀ ਦੌਰਾਨ 1,75,000 ਰੋਜ਼ਗਾਰ ਪੈਦਾ ਹੋਣਗੇ ਅਤੇ ਤੇਜ਼-ਰਫ਼ਤਾਰ ਆਵਾਜਾਈ ਦੇ 52 ਨਵੇਂ ਪ੍ਰਾਜੈਕਟ ਮੁਕੰਮਲ ਹੋਣਗੇ। ਇਨ੍ਹਾਂ ਵਿੱਚ ਹੇਠ ਲਿਖੇ ਪ੍ਰਾਜੈਕਟ ਸ਼ਾਮਲ ਹਨ:

- ਯੰਗ ਸਬਵੇ ਲਾਈਨ ਨੂੰ ਹਾਈਵੇ 7 ਤਕ ਵਧਾਉਣਾ
- ਗੋ ਲੇਕਸ਼ੋਰ ਲਾਈਨ ਦਾ ਬਿਜਲੀਕਰਣ ਕਰ ਕੇ, ਅਤੇ ਸਭਨਾਂ ਗੋ ਲਾਈਨਾਂ ਉੱਤੇ ਵਧੇਰੇ ਸਵਾਰੀਆਂ ਢੋਣ ਦੀ ਕਾਬਲੀਅਤ ਬਣਾ ਕੇ, ਰਫ਼ਤਾਰ ਵਧਾਉਣਾ ਅਤੇ ਹਾਨੀਕਾਰਕ ਧੂੰਏ ਦੀ ਪੈਦਾਵਾਰ ਘਟਾਉਣਾ
- ਹਾਈਵੇ 407 ਉੱਤੇ ਐਕਸਪ੍ਰੈੱਸ ਬੱਸ ਸਰਵਿਸ ਦਾ ਵਧਾਉਣਾ
- ਹੈਮਿਲਟਨ ਭਰ ਵਿੱਚ ਤੇਜ਼-ਰਫ਼ਤਾਰ ਆਵਾਜਾਈ ਦੀਆਂ ਦੋ ਲਾਈਨਾਂ, ਅਤੇ
- ਸਾਰੇ ਸ਼ਹਿਰ ਵਿੱਚ ਹਲਕੀ ਰੇਲ ਸੰਬੰਧੀ ਟੋਰੰਟੋ ਦਾ *ਟਰਾਂਜ਼ਿਟ ਸਿਟੀ* ਦਾ ਸੰਕਲਪ

ਯੋਜਨਾ ਲਾਗੂ ਕਰਨ ਲਈ ਸਰਕਾਰ ਗਰੇਟਰ ਟੋਰੰਟੋ ਟਰਾਂਸਪੋਰਟੇਸ਼ਨ ਅਥਾਰਿਟੀ (ਜੀ.ਟੀ.ਏ.ਏ.) ਨਾਲ ਮਿਲ ਕੇ ਕਾਰਵਾਈ ਕਰੇਗੀ। ਅਗਲੀ ਕਾਰਵਾਈ ਲਈ ਜੀ.ਟੀ.ਏ.ਏ. 2008 ਦੇ ਆਰੰਭ ਵਿੱਚ ਸੂਬਾ ਸਰਕਾਰ ਨੂੰ ਰਿਪੋਰਟ ਕਰੇਗੀ।

"ਇਸ ਤਰ੍ਹਾਂ ਦੇ ਤਾਂਘਾਂ-ਭਰੇ ਪਰ ਯਥਾਰਥਵਾਦੀ ਨਿਵੇਸ਼ ਦਾ ਵਕਤ ਹੁਣ ਹੈ। ਇਹ ਸਾਡੇ ਅਰਥਚਾਰੇ ਦੀ ਲੋੜ ਹੈ," ਮੈਗਿੰਟੀ ਨੇ ਕਿਹਾ। "ਇਸ ਤੋਂ ਇਲਾਵਾ ਸਾਡੇ ਪਰਿਵਾਰ ਇਸ ਦੇ ਹੱਕਦਾਰ ਹਨ ਕਿਉਂਕਿ ਭੀੜ-ਭੜੱਕਾ ਨਾ ਸਿਰਫ਼ ਸਾਡੇ ਅਰਥਚਾਰੇ ਵਿੱਚੋਂ ਤਾਕਤ ਕੱਢ ਲੈਂਦਾ ਹੈ, ਇਹ ਸਾਡੇ ਪਰਿਵਾਰਾਂ ਦਾ ਵਕਤ ਵੀ ਹਰਜ਼ ਕਰਦਾ ਹੈ।"

ਇੱਕ ਮਿਸਾਲ ਵਜੋਂ, ਗੋ ਲੇਕਸ਼ੋਰ ਲਾਈਨ ਦੇ ਬਿਜਲੀਕਰਣ ਨਾਲ, ਸਵਾਰੀਆਂ ਟੋਰੰਟੋ ਤੋਂ ਹੈਮਿਲਟਨ 15 ਮਿੰਟ ਜਲਦੀ ਪਹੁੰਚਣਗੀਆਂ।

"ਇਹ ਹਰ ਰੋਜ਼ ਅੱਧੇ ਘੰਟੇ ਦਾ ਫਾਲਤੂ ਸਮਾਂ ਹੈ। ਅਤੇ ਇਸ ਸਮੇਂ ਨਾਲ ਇੰਨ੍ਹਾ ਕੁ ਫਰਕ ਪੈ ਸਕਦਾ ਹੈ ਕਿ ਤੁਸੀਂ ਸਾਕਰ ਦੀ ਖੇਡ ਵਿੱਚ ਆਪਣੀ ਬੇਟੀ ਵੱਲੋਂ ਦਾਗਿਆ ਗੋਲ ਦੇਖ ਸਕੋਂਗੇ ਜਾਂ ਨਹੀਂ," ਮੈਗਿੰਟੀ ਨੇ ਕਿਹਾ।

ਅੰਤ ਵਿੱਚ, ਇਹ ਪ੍ਰਾਜੈਕਟ ਸਾਡੀਆਂ ਸੜ੍ਹਕਾਂ ਤੋਂ ਕਾਰਾਂ ਦੇ 30 ਕਰੋੜ ਟਰਿੱਪ ਉਤਾਰ ਦੇਵੇਗਾ। ਇਹ ਉਸ ਹਵਾ ਵਾਸਤੇ, ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ – ਅਤੇ ਮੌਸਮ ਵਿਚਲੀ ਤਬਦੀਲੀ ਖਿਲਾਫ਼ ਜਿਹੜਾ ਸੰਘਰਸ਼ ਅਸੀਂ ਮਿਲ ਕੇ ਵਿੱਢਿਆ ਹੈ – ਲਈ ਚੰਗੀ ਗੱਲ ਹੋਵੇਗੀ।

ਟਰਾਂਸਪੋਰਟੇਸ਼ਨ ਮੰਤਰੀ ਡੌਨਾ ਕੈਨਸਫੀਲਡ ਦਾ ਕਹਿਣਾ ਹੈ ਕਿ ਪ੍ਰਾਜੈਕਟ ਉਸਰਨ ਵਿੱਚ 12 ਸਾਲ ਲੱਗ ਜਾਣਗੇ ਅਤੇ ਇਨ੍ਹਾਂ ਲਈ ਪੂੰਜੀ ਨਿਵੇਸ਼ ਅਗਲੇ 50 ਸਾਲ ਚਲਦਾ ਰਹੇਗਾ।

"ਸਾਡੀ ਪ੍ਰਣਾਲੀ ਰਾਤੋ-ਰਾਤ ਨਹੀਂ ਬਦਲਣ ਲੱਗੀ, ਪਰ ਇਹ ਬਦਲਣੀ ਜ਼ਰੂਰ ਚਾਹੀਦੀ ਹੈ," ਕੈਨਸਫੀਲਡ ਨੇ ਕਿਹਾ। ਭੀੜ-ਭੜੱਕਾ ਘਟਾਉਣ ਅਤੇ ਆਪਣਾ ਵਾਤਾਵਰਣ ਸੁਧਾਰਨ ਲਈ ਸਾਨੂੰ ਆਵਾਜਾਈ ਦੀ ਕਾਇਮ ਰੱਖੀ ਜਾ ਸਕਣ ਵਾਲੀ ਅਜਿਹੀ ਪ੍ਰਣਾਲੀ ਵਿਕਸਤ ਕਰਨੀ ਪਵੇਗੀ ਜਿਹੜੀ ਲੋਕਾਂ ਨੂੰ ਕਾਰਾਂ ਵਿੱਚੋਂ ਕੱਢ ਕੇ ਟਰਾਂਜ਼ਿਟ ਪ੍ਰਣਾਲੀਆਂ ਵਰਤਣ ਲਾਵੇ।"

ਸੂਬੇ ਵੱਲੋਂ ਫੈਡਰਲ ਸਰਕਾਰ ਨੂੰ ਪ੍ਰਾਜੈਕਟ ਦੀ ਕੀਮਤ ਦਾ ਘੱਟੋ-ਘੱਟ ਤੀਜਾ ਹਿੱਸਾ ਦੇਣ ਲਈ ਆਖਿਆ ਜਾ ਰਿਹਾ ਹੈ। ਬਾਕੀ ਦੇ ਪੂੰਜੀਗਤ ਖ਼ਰਚ ਸੂਬੇ ਵੱਲੋਂ ਕੀਤੇ ਜਾਣਗੇ ਅਤੇ ਪ੍ਰਣਾਲੀ ਨੂੰ ਚਲਾਉਣ ਤੇ ਆਉਣ ਵਾਲੇ ਖ਼ਰਚ ਮੌਜੂਦਾ ਗੈਸ ਟੈਕਸ ਪ੍ਰਣਾਲੀ ਰਾਹੀਂ ਨਗਰਪਾਲਿਕਾਵਾਂ ਨਾਲ ਮਿਲ ਕੇ ਕੀਤੇ ਜਾਣਗੇ।

"ਅੱਜ ਦਾ ਐਲਾਨ ਆਪਣੇ ਮਹੱਤਵ ਦੇ ਲਿਹਾਜ਼ ਨਾਲ ਇਤਿਹਾਸਕ ਹੈ। ਇਹ ਜੀ.ਟੀ.ਏ.ਏ. ਨੂੰ ਗਰੇਟਰ ਟੋਰੰਟੋ ਅਤੇ ਹੈਮਿਲਟਨ ਦੇ ਲੋਕਾਂ ਦੀ ਹਰ ਰੋਜ਼ ਦੀ ਜ਼ਿੰਦਗੀ ਉੱਤੇ ਉਸਾਰੂ ਅਸਰ ਪਾਉਣ ਦਾ ਇੱਕ ਬਹੁਤ ਵੱਡਾ ਮੌਕਾ ਦਿੰਦਾ ਹੈ," ਜੀ.ਟੀ.ਏ.ਏ. ਦੇ ਮੁਖੀ ਰੌਬਰਟ ਮੈਕਇੱਸਾਕ ਨੇ ਕਿਹਾ। "ਬਰਕਰਾਰ ਰੱਖੀ ਜਾ ਸਕਣ ਵਾਲੀ ਆਵਾਜਾਈ ਦੀ ਇੱਕ ਪ੍ਰਣਾਲੀ ਕਾਇਮ ਕਰਨ ਸੰਬੰਧੀ ਸਾਡੇ ਰੀਜਨ ਦੇ ਇਤਿਹਾਸ ਵਿੱਚ ਇਸ ਨੂੰ ਯਕੀਨਨ ਇੱਕ ਅਹਿਮ ਮੋੜ ਮੰਨਿਆ ਜਾਵੇਗਾ।"

ਜੀ.ਟੀ.ਏ. ਉੱਤਰੀ ਅਮਰੀਕਾ ਦੇ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਖੇਤਰਾਂ ਵਿੱਚੋਂ ਇੱਕ ਹੈ, ਜੋ ਹਰ ਸਾਲ ਆਪਣੀ ਆਬਾਦੀ ਵਿੱਚ 1,00,000 ਲੋਕਾਂ ਦਾ – ਅਤੇ 50,000 ਕਾਰਾਂ ਦਾ – ਵਾਧਾ ਕਰਦਾ ਹੈ। ਬੇਰੋਕ ਆਵਾਜਾਈ ਵਾਲੇ ਹਾਲਾਤ ਨਾਲੋਂ ਮੌਜੂਦਾ ਸਮੇਂ ਵਿੱਚ ਜੀ.ਟੀ.ਏ. ਵਿੱਚ ਆਉਣ-ਜਾਣ ਵਿੱਚ 32 ਫੀ ਸਦੀ ਵਧੇਰੇ ਸਮਾਂ ਲੱਗਦਾ ਹੈ। ਜੀ.ਟੀ.ਏ. ਵਿੱਚ ਭੀੜ-ਭੜੱਕਾ ਹੋਣ ਦੀ ਆਰਥਿਕ ਕੀਮਤ ਹਰ ਸਾਲ ਤਕਰੀਬਨ 220 ਕਰੋੜ ਡਾਲਰ ਹੈ। ਜੇ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਸੰਨ 2031 ਤਕ ਇਹ ਵਧ ਕੇ 410 ਕਰੋੜ ਡਾਲਰ ਹੋ ਜਾਵੇਗੀ।

ਯੋਜਨਾ ਮੁਤਾਬਕ 2015 ਤਕ 66 ਫੀ ਸਦੀ, ਅਤੇ 2020 ਤਕ 66 ਫੀ ਸਦੀ ਪ੍ਰਾਜੈਕਟ ਮੁਕੰਮਲ ਹੋ ਜਾਣੇ ਚਾਹੀਦੇ ਹਨ। ਇਸ ਦੇ ਨਤੀਜੇ ਵਜੋਂ ਹਰ ਸਾਲ 8 ਕਰੋੜ ਟਰਾਂਜ਼ਿਟ ਟਰਿੱਪ ਪੈਦਾ ਹੋਣਗੇ, ਜਿਸ ਨਾਲ ਜੀ.ਟੀ.ਏ. ਦੀਆਂ ਸੜ੍ਹਕਾਂ ਤੋਂ ਕਾਰਾਂ ਦੇ 30 ਕਰੋੜ ਟਰਿੱਪ ਲਹਿ ਜਾਣਗੇ। ਇਸ ਨਾਲ ਸੰਨ 2020 ਤਕ ਰੀਜਨ ਵਿੱਚ ਕਾਰਬਨ ਡਾਇਆਕਸਾਈਡ ਧੂੰਏਂ ਦੀ ਪੈਦਾਵਾਰ 10 ਮੈਗਾਟਨ ਤਕ ਘਟ ਜਾਵੇਗੀ।

- 30 -

Disponible en français

ਵਧੇਰੇ ਜਾਣਕਾਰੀ ਲਈ:
ਪ੍ਰੀਮੀਅਰ ਦਾ ਮੀਡੀਆ ਦਫ਼ਤਰ
416-314-8975